# ਕੀ ਅਸੀਂ ਤੁਹਾਨੂੰ ਲੱਭ ਸਕਦੇ ਹਾਂ

...ਕਿਸੇ ਐਮਰਜੈਂਸੀ ਸਥਿਤੀ ਵਿੱਚ?



# ਕੀ ਅਸੀਂ ਤੁਹਾਨੂੰ ਲੱਭ ਸਕਦੇ ਹਾਂ?

ਐਮਰਜੈਂਸੀ ਹਾਲਤਾਂ ਵਿੱਚ, ਪੁਲਿਸ, ਐਂਬੂਲੈਂਸ, ਅਤੇ ਅੱਗ ਬੁਝਾਊ ਅਮਲੇ ਨੂੰ ਤੁਹਾਨੂੰ ਛੇਤੀ ਤੋਂ ਛੇਤੀ ਲੱਭਣ ਦੀ ਸਿਖਲਾਈ ਮਿਲੀ ਹੁੰਦੀ ਹੈ। ਪਰ ਜੇ ਉਹ ਤੁਹਾਡਾ ਸਟ੍ਰੀਟ ਨੰਬਰ ਨਹੀਂ ਦੇਖ ਸਕਦੇ ਤਾਂ ਉਹ ਮੌਕੇ ‘ਤੇ ਪਹੁੰਚਣ ਤੱਕ ਕੀਮਤੀ ਮਿੰਟ ਗੁਆ ਸਕਦੇ ਹਨ। ਤੁਸੀਂ ਇਹ ਯਕੀਨੀ ਬਣਾ ਕੇ ਐਮਰਜੈਂਸੀ ਅਮਲੇ ਨੂੰ ਝਟਪਟ ਤੁਹਾਨੂੰ ਲੱਭਣ ਵਿੱਚ ਮਦਦ ਕਰ ਸਕਦੇ ਹੋ ਕਿ ਤੁਹਾਡੇ ਘਰ ਦੇ ਨੰਬਰ ਸਟ੍ਰੀਟ ਤੋਂ ਸਾਫ਼ ਤੌਰ ‘ਤੇ ਦਿਖਾਈ ਦਿੰਦੇ ਹੋਣ।

ਯਕੀਨੀ ਬਣਾਓ ਕਿ ਕਿਸੇ ਐਮਰਜੈਂਸੀ ਵਿੱਚ, ਜਿਹਨਾਂ ਲੋਕਾਂ ਦੀ ਤੁਹਾਨੂੰ ਸਭ ਤੋਂ ਵੱਧ ਲੋੜ ਹੈ, ਉਹ ਤੁਹਾਨੂੰ ਛੇਤੀ ਤੋਂ ਛੇਤੀ ਲੱਭ ਸਕਦੇ ਹੋਣ।

ਐਮਰਜੈਂਸੀ ਅਮਲੇ ਨੂੰ ਤੁਹਾਨੂੰ ਲੱਭਣ ਦੀ ਕੋਸ਼ਿਸ਼ ਕਰਨ ਵਿੱਚ ਕੀਮਤੀ ਮਿੰਟ ਗੁਆਉਣੇ ਪੈ ਸਕਦੇ ਹਨ ਜੇ ਤੁਹਾਡਾ ਸਟ੍ਰੀਟ ਨੰਬਰ ਸਟ੍ਰੀਟ ਤੋਂ ਸਾਫ਼ ਤੌਰ ‘ਤੇ ਦਿਖਾਈ ਨਹੀਂ ਦਿੰਦਾ।

ਮਦਦ ਪ੍ਰਾਪਤ ਕਰਨ ਲਈ ਤੁਹਾਡੀ ਜਿੰਮੇਵਾਰੀ ਤੁਹਾਡੇ ਵੱਲੋਂ ਮਦਦ ਲਈ ਫ਼ੋਨ ਕਾਲ ਕਰ ਦੇਣ ‘ਤੇ ਖਤਮ ਨਹੀਂ ਹੋ ਜਾਂਦੀ। ਡਿਸਪੈਚ ਸੈਂਟਰ ਤੁਹਾਡੀ ਸਟ੍ਰੀਟ ਲੱਭਣ ਅਤੇ ਤੁਹਾਡੇ ਤਕ ਪਹੁੰਚਣ ਦੇ ਸਭ ਤੋਂ ਤੇਜ਼ ਰਸਤੇ ਦੀ ਪਛਾਣ ਕਰਨ ਲਈ ਕੰਪਿਊਟਰੀਕ੍ਰਿਤ ਉਪਕਰਣਾਂ ਦੀ ਵਰਤੋਂ ਕਰਦੇ ਹਨ। ਐਪਰ, ਉਹਨਾਂ ਨੂੰ ਤੁਹਾਡੀ ਸਟ੍ਰੀਟ ਦੀ ਖਾਸ ਥਾਂ ਨੂੰ ਲੱਭਣ ਲਈ ਤੁਹਾਡੀ ਮਦਦ ਦੀ ਲੋੜ ਹੁੰਦੀ ਹੈ।

**ਸਿਟੀ ਆਫ਼ ਮਿਸੀਸੌਗਾ ਉਪ-ਨਿਯਮ # 30-11 (City of Mississauga By-law #265-91) ਸ਼ਹਿਰ ਦੇ ਅੰਦਰ ਸਾਰੀਆਂ ਇਮਾਰਤਾਂ ਜਾਂ ਸੰਪੱਤੀਆਂ ‘ਤੇ ਮਿਉਂਸੀਪਲ ਸਟ੍ਰੀਟ ਨੰਬਰਾਂ ਲਈ ਹੇਠਾਂ ਦਿੱਤੀਆਂ ਲੋੜਾਂ ਦੀ ਰੂਪਰੇਖਾ ਦਿੰਦਾ ਹੈ।**

**ਨੰਬਰ:**

- ਘੱਟੋ-ਘੱਟ ਛੇ ਇੰਚ ਉੱਚੇ ਹੋਣੇ ਚਾਹੀਦੇ ਹਨ (ਵਪਾਰਕ/ਉਦਯੋਗਿਕ/ਸੰਸਥਾਗਤ)
- ਘੱਟੋ-ਘੱਟ ਚਾਰ ਇੰਚ ਉੱਚੇ ਹੋਣੇ ਚਾਹੀਦੇ ਹਨ (ਅਪਾਰਟਮੈਂਟਾਂ ਨੂੰ ਛੱਡ ਕੇ ਰਿਹਾਇਸ਼ੀ ਥਾਵਾਂ ‘ਤੇ)
- ਟਿਕਾਊ ਸਾਮਗਰੀ ਦੇ ਬਣੇ ਹੋਣੇ ਚਾਹੀਦੇ ਹਨ
- ਜਿਸ ਜਗ੍ਹਾ (ਪਿਛੋਕੜ) ‘ਤੇ ਉਹ ਜੜੇ ਹੋਏ ਹਨ ਉਸ ਤੋਂ (ਦਿਸਣ ਵਿੱਚ) ਭਿੰਨ ਹੋਣੇ ਚਾਹੀਦੇ ਹਨ
- ਸਭ ਤੋਂ ਨਜ਼ਦੀਕੀ ਮਿਉਂਸੀਪਲ ਰੋਡਵੇਅ ਤੋਂ ਸਾਫ਼ ਤੌਰ ‘ਤੇ ਦਿਖਾਈ ਦਿੰਦੇ ਹੋਣ

**ਹਰ ਉਹ ਵਿਅਕਤੀ ਜੋ ਇਸ ਉਪ-ਨਿਯਮ ਦੀ ਕਿਸੇ ਵੀ ਧਾਰਾ ਨੂੰ ਤੋੜਦਾ ਹੈ ਉਸ ਨੂੰ $25,000 ਤਕ ਦਾ ਜੁਰਮਾਨਾ ਹੋ ਸਕਦਾ ਹੈ।**

ਕਿਰਪਾ ਕਰਕੇ ਇਹ ਪਤਾ ਕਰਨ ਵਿੱਚ ਥੋੜ੍ਹਾ ਸਮਾਂ ਲਗਾਓ ਕਿ ਤੁਹਾਡੇ ਸਟ੍ਰੀਟ ਨੰਬਰ ਸੜਕ ਤੋਂ ਅਸਾਨੀ ਨਾਲ ਦਿਖਾਈ ਦਿੰਦੇ ਹੋਣ। ਯਕੀਨੀ ਬਣਾਓ ਕਿ ਉਹ ਇਮਾਰਤ ਦੇ ਮੂਹਰਲੇ ਦਾਖਲਾ ਦੁਆਰ ‘ਤੇ ਜੜੇ ਹੋਏ ਹੋਣ, ਅਤੇ ਇਹ ਕਿ ਉਹਨਾਂ ਅੱਗੇ ਕੋਈ ਚੀਜ਼ ਰੁਕਾਵਟ ਨਾ ਪਾ ਰਹੀ ਹੋਵੇ ਅਤੇ ਉਹ ਰਾਤ ਵੇਲੇ ਦਿਖਾਈ ਦਿੰਦੇ ਹੋਣ।





ਜੇ ਐਮਰਜੈਂਸੀ ਅਮਲੇ ਨੂੰ ਤੁਹਾਨੂੰ ਲੱਭਣ ਦੀ ਲੋੜ ਪਵੇ ਤਾਂ ਇਹ ਯਕੀਨੀ ਬਣਾ ਕੇ ਕਿ ਤੁਹਾਡਾ ਸਟ੍ਰੀਟ ਨੰਬਰ ਸਾਫ਼ ਤੌਰ 'ਤੇ ਦਿਖਾਈ ਦੇਵੇ, ਆਪਣੀ ਅਤੇ ਆਪਣੇ ਪਰਿਵਾਰ ਦੀ ਰੱਖਿਆ ਕਰੋ।

MISSISSAUGA
Leading today for tomorrow

385-2011